fraserhealth

Better health.
Best in health care.

October 25, 2021

ਪਿਆਰੇ ਮਾਪਿਓ ਜਾਂ ਗਾਰਡੀਅਨਜ਼,

ਸਾਡੇ ਭਾਈਚਾਰਿਆਂ ਵਿੱਚ ਕੋਵਿਡ-19 ਲਗਾਤਾਰ ਫੈਲ ਰਿਹਾ ਹੈ। ਆਪਣੇ ਭਾਈਚਾਰਿਆਂ ਅਤੇ ਸਕੂਲਾਂ ਨੂੰ ਲਗਾਤਾਰ ਸੁਰੱਖਿਅਤ ਅਤੇ ਬਚਾ ਕੇ ਰੱਖਣ ਦੇ ਢੰਗਾਂ ਵਿੱਚੋਂ ਇਕ ਢੰਗ 12 ਸਾਲ ਅਤੇ ਵੱਡੀ ਉਮਰ ਦੇ ਸਾਰੇ ਯੋਗ ਵਿਅਕਤੀਆਂ ਵਲੋਂ ਕੋਵਿਡ-19 ਵੈਕਸੀਨ ਦੇ ਦੋ ਟੀਕੇ ਲਗਵਾਉਣਾ ਹੈ।

ਵੈਕਸੀਨ ਦੀ ਕਵਰੇਜ ਵਧਾਉਣ ਅਤੇ ਭਾਈਚਾਰਿਆਂ ਅਤੇ ਸਕੂਲਾਂ ਨੂੰ ਸੁਰੱਖਿਅਤ ਰੱਖਣ ਲਈ, ਫਰੇਜ਼ਰ ਹੈਲਥ ਕਈ ਸਕੂਲਾਂ ਵਿੱਚ ਉਹਨਾਂ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਲਈ ਕੋਵਿਡ-19 ਦੇ ਵੈਕਸੀਨ ਲਈ ਕਲਿਨਿਕ ਲਾਏਗਾ ਜਿਹਨਾਂ ਦੇ ਅਜੇ ਵੈਕਸੀਨ ਦਾ ਪਹਿਲਾ ਜਾਂ ਦੂਜਾ ਟੀਕਾ ਨਹੀਂ ਲੱਗਾ। ਸੰਨ 2009 ਜਾਂ ਉਸ ਤੋਂ ਪਹਿਲਾਂ ਜਨਮਿਆ ਹਰ ਵਿਅਕਤੀ (12+) ਵੈਕਸੀਨ ਲਵਾਉਣ ਦੇ ਯੋਗ ਹੈ।

**ਅਸੀਂ SCHOOL NAME ਵਿਖੇ ਸਾਰੇ ਸਟਾਫ, ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਮੈਂਬਰਾਂ ਲਈ DATE ਨੂੰ 9:30 ਤੋਂ 3:30 ਵਜੇ ਤੱਕ ਫਰੇਜ਼ਰ ਹੈਲਥ ਵੈਕਸੀਨੇਸ਼ਨ ਕਲਿਨਿਕ ਲਾਵਾਂਗੇ ਜਿਹਨਾਂ ਵਿੱਚ ਫਾਈਜ਼ਰ-ਬਾਇਓਐਨਟੈਕ ਵੈਕਸੀਨ ਪੇਸ਼ ਕੀਤੇ ਜਾਣਗੇ।**

### ਸਕੂਲ ਵਿੱਚ ਕੌਣ ਵੈਕਸੀਨ ਲਵਾ ਸਕਦਾ ਹੈ?

ਇਹ ਕਲਿਨਿਕ ਸਾਡੇ ਸਕੂਲ ਭਾਈਚਾਰੇ ਦੇ ਉਨ੍ਹਾਂ ਸਾਰੇ ਮੈਂਬਰਾਂ ਲਈ ਉਪਲਬਧ ਹੋਵੇਗਾ ਜਿਹਨਾਂ ਦੀ ਉਮਰ 12 ਸਾਲ ਜਾਂ ਉਸ ਤੋਂ ਵੱਧ ਹੈ (ਜਿਹਨਾਂ ਦਾ ਜਨਮ 2009 ਜਾਂ ਉਸ ਤੋਂ ਪਹਿਲਾਂ ਹੋਇਆ ਹੈ)। ਇਸ ਵਿੱਚ ਵਿਦਿਆਰਥੀ ਅਤੇ ਉਹਨਾਂ ਦੇ ਪਰਿਵਾਰ ਅਤੇ ਸਕੂਲ-ਆਧਾਰਿਤ ਸਟਾਫ ਮੈਂਬਰ ਸ਼ਾਮਲ ਹਨ। ਅਪੁਆਇੰਟਮੈਂਟਾਂ ਦੀ ਲੋੜ ਨਹੀਂ ਹੈ।

ਵੈਕਸੀਨ ਲਵਾਉਣਾ ਲਾਜ਼ਮੀ ਨਹੀਂ ਹੈ, ਪਰ ਇਹ ਸਾਰੇ ਯੋਗ ਲੋਕਾਂ ਲਈ ਉਪਲਬਧ ਹੈ, ਸਿਵਾਏ ਉਸ ਵਿਅਕਤੀ ਦੇ ਜਿਸ ਨੂੰ ਡਾਕਟਰ ਨੇ ਵੈਕਸੀਨ ਨਾ ਲਵਾਉਣ ਦੀ ਸਲਾਹ ਦਿੱਤੀ ਹੋਵੇ।

### ਮੈਨੂੰ/ਮੇਰੇ ਬੱਚੇ ਨੂੰ ਕਲਿਨਿਕ ਵਿੱਚ ਕੀ ਲੈ ਕੇ ਆਉਣਾ ਚਾਹੀਦਾ ਹੈ?

ਕਿਰਪਾ ਕਰਕੇ ਕਲਿਨਿਕ ਵਿੱਚ ਮਾਸਕ ਪਾ ਕੇ ਆਉ। ਜੇ ਤੁਹਾਡੇ ਕੋਲ ਪਰਸਨਲ ਹੈਲਥ ਨੰਬਰ ਹੈ ਤਾਂ ਉਹ ਵੀ ਲੈ ਕੇ ਆਉ। ਤੁਹਾਡਾ ਪਰਸਨਲ ਹੈਲਥ ਨੰਬਰ ਤੁਹਾਡੇ ਬੀ ਸੀ ਸਰਵਿਸਜ਼ ਦੇ ਕਾਰਡ ਜਾਂ ਕੇਅਰ ਕਾਰਡ ਦੇ ਪਿਛਲੇ ਪਾਸੇ ਲਿਖਿਆ ਹੋਇਆ ਹੁੰਦਾ ਹੈ।

ਬਾਂਹ ਤੱਕ ਪਹੁੰਚ ਨੂੰ ਸੌਖੀ ਬਣਾਉਣ ਲਈ ਕਿਰਪਾ ਕਰਕੇ ਖੁੱਲ੍ਹੇ ਕੱਪੜੇ ਪਾਉ। ਵੈਕਸੀਨ ਤੁਹਾਡੇ ਮੌਢੇ `ਤੇ ਪੱਠੇ ਵਿੱਚ ਇੰਜੈਕਸ਼ਨ ਰਾਹੀਂ ਲਾਇਆ ਜਾਂਦਾ ਹੈ। ਕਿਰਪਾ ਕਰਕੇ ਇਹ ਯਕੀਨੀ ਬਣਾਉ ਕਿ ਵੈਕਸੀਨ ਲਵਾਉਣ ਤੋਂ ਪਹਿਲਾਂ ਤੁਸੀਂ/ਤੁਹਾਡੇ ਬੱਚੇ ਨੇ ਬ੍ਰੇਕਫਾਸਟ ਜਾਂ ਲੰਚ ਖਾਧਾ ਹੋਇਆ ਹੈ।

### ਕੀ ਬੱਚੇ ਆਪਣੇ ਆਪ ਵੈਕਸੀਨ ਲਵਾਉਣ ਲਈ ਸਹਿਮਤੀ ਦੇ ਸਕਦੇ ਹਨ?

ਅਸੀਂ ਪਰਿਵਾਰਾਂ ਨੂੰ ਆਪਣੇ ਬੱਚਿਆਂ ਨਾਲ ਵੈਕਸੀਨ ਲਵਾਉਣ ਲਈ ਸਹਿਮਤੀ ਦੇਣ ਬਾਰੇ ਗੱਲਬਾਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਇਕੱਠੇ, ਹੇਠ ਲਿਖੀ ਜਾਣਕਾਰੀ `ਤੇ ਗੌਰ ਕਰੋ:

- ਕੋਵਿਡ-19 ਵੈਕਸੀਨ ਹੈਲਥ- ਲਿੰਕ -ਬੀ ਸੀ ਫਾਈਲ: COVID-19 Vaccines | HealthLinkBC File 124
- 12-17 ਸਾਲ ਦੇ ਬੱਚਿਆਂ ਲਈ ਬੀ ਸੀ ਸੀ ਡੀ ਸੀ ਦੀ ਕੋਵਿਡ-19 ਬਾਰੇ ਜਾਣਕਾਰੀ ਅਤੇ ਸਵਾਲ-ਜਵਾਬ: Children_Vaccination.pdf (bccdc.ca)
- ਇਨਫੈਂਟਸ ਐਕਟ, ਪ੍ਰੋੜ੍ਹ ਨਾਬਾਲਗਾਂ ਦੀ ਸਹਿਮਤੀ ਅਤੇ ਟੀਕਾਕਰਨ: The Infants Act, Mature Minor Consent and Immunization | HealthLinkBC File 119

ਬ੍ਰਿਟਿਸ਼ ਕੋਲੰਬੀਆ ਵਿੱਚ, 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਕਾਨੂੰਨੀ ਤੌਰ `ਤੇ ਵੈਕਸੀਨ ਲਵਾਉਣ ਲਈ ਸਹਿਮਤੀ ਦੇ ਸਕਦੇ ਹਨ ਜਾਂ ਵੈਕਸੀਨ ਲਵਾਉਣ ਤੋਂ ਇਨਕਾਰ ਕਰ ਸਕਦੇ ਹਨ, ਜਿਹੜੇ ਬੱਚੇ ਹਰ ਵੈਕਸੀਨ ਦੇ ਫਾਇਦਿਆਂ ਅਤੇ ਵੈਕਸੀਨ ਤੋਂ ਹੋਣ ਵਾਲੇ ਪ੍ਰਤੀਕਰਮਾਂ ਅਤੇ ਵੈਕਸੀਨ ਨਾ ਲਵਾਉਣ ਦੇ ਖਤਰਿਆਂ ਨੂੰ ਸਮਝ ਸਕਦੇ ਹੋਣ।

ਬੀ ਸੀ ਵਿੱਚ ਸਿਹਤ ਸੰਭਾਲ (ਹੈਲਥ ਕੇਅਰ) ਬਾਰੇ ਸਹਿਮਤੀ ਦੇਣ ਦੀ ਕੋਈ ਕਾਨੂੰਨੀ ਉਮਰ ਨਹੀਂ ਹੈ। ਇਸ ਦਾ ਮਤਲਬ ਹੈ ਕਿ ਤੁਹਾਡਾ ਬੱਚਾ ਇਸ ਗੱਲ ਦਾ ਫੈਸਲਾ ਖੁਦ ਕਰ ਸਕਦਾ ਹੈ ਕਿ ਉਸ ਨੇ ਵੈਕਸੀਨ ਲਵਾਉਣਾ ਹੈ ਜਾਂ ਨਹੀਂ।

**Population & Public Health Fraser Health**
400 – 13450 102nd Avenue Surrey, BC V3T 0H1
Tel: (604) 587-3828 | Fax: (604) 930-5414 | www.fraserhealth.ca

2021 BC's Top Employers

fraserhealth

Better health.
Best in health care.

ਸਾਡੀਆਂ ਪਬਲਿਕ ਹੈਲਥ ਨਰਸਾਂ ਵਰਗੇ ਸਿਹਤ ਸੰਭਾਲ ਦੇਣ ਵਾਲਿਆਂ ਦੀ ਇਹ ਪੇਸ਼ਾਵਰ (ਪ੍ਰੋਫੈਸ਼ਨਲ) ਅਤੇ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਵੈਕਸੀਨ ਲਾਉਣ ਤੋਂ ਪਹਿਲਾਂ ਵਿਅਕਤੀ ਤੋਂ ਜਾਣਕਾਰੀ ਲੈ ਕੇ ਦੇਣ ਵਾਲੀ ਸਹਿਮਤੀ ਲੈਣ। ਸਾਡੀ ਪਬਲਿਕ ਹੈਲਥ ਨਰਸਾਂ ਦੀ ਟੀਮ:

- ਇਹ ਯਕੀਨੀ ਬਣਾਏਗੀ ਕਿ ਹਰ ਬੱਚੇ ਨੂੰ ਵੈਕਸੀਨ ਬਾਰੇ ਗੌਰ ਕਰਨ ਅਤੇ ਉਸ ਬਾਰੇ ਸਵਾਲ ਪੁੱਛਣ ਦਾ ਸਮਾਂ ਮਿਲੇ।
- ਇਹ ਯਕੀਨੀ ਬਣਾਉਣ ਲਈ ਕਿ ਬੱਚਾ ਜਾਣਕਾਰੀ ਨੂੰ ਸਮਝਦਾ ਹੈ ਅਤੇ ਫੈਸਲਾ ਕਰਨ ਲਈ ਤਿਆਰ ਹੈ, ਹਰ ਬੱਚੇ ਨੂੰ ਕੁਝ ਸਵਾਲ ਪੁੱਛੇਗੀ।

ਜੇ ਸਾਡੀਆਂ ਨਰਸਾਂ ਨੂੰ ਇਹ ਯਕੀਨ ਨਾ ਆਵੇ ਕਿ ਬੱਚਾ ਸਮਝਦਾ ਹੈ, ਜਾਂ ਬੱਚਾ ਫੈਸਲਾ ਕਰਨ ਲਈ ਤਿਆਰ ਹੈ, ਤਾਂ ਬੱਚੇ ਦੇ ਵੈਕਸੀਨ ਨਹੀਂ ਲਾਇਆ ਜਾਵੇਗਾ।

ਜੇ ਕੋਵਿਡ-19 ਵੈਕਸੀਨ ਬਾਰੇ ਤੁਹਾਡੇ ਹੋਰ ਸਵਾਲ ਜਾਂ ਫਿਕਰ ਹੋਣ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ। ਤੁਹਾਡੇ ਵੱਲੋਂ ਲਗਾਤਾਰ ਦਿੱਤੇ ਜਾਂਦੇ ਸਮਰਥਨ ਲਈ ਧੰਨਵਾਦ।

ਸੱਚੇ ਦਿਲੋਂ,

ਫਰੇਜ਼ਰ ਹੈਲਥ ਪਾਪੂਲੇਸ਼ਨ ਐਂਡ ਪਬਲਿਕ ਹੈਲਥ ਕੋਵਿਡ-19 ਰਿਸਪਾਂਸ ਟੀਮ

**Population & Public Health Fraser Health**

400 – 13450 102nd Avenue Surrey, BC V3T 0H1
Tel: (604) 587-3828 | Fax: (604) 930-5414 | www.fraserhealth.ca

2021 BC's Top Employers